(This Question paper contains 2 printed pages) Roll No. _________

S.No. of Question Paper : **2645**
Unique Paper Code : 2122202402
Name of the Paper : QISSA KAAV
Type of Paper : (DSC)
Semester : IV
Programme : B.A (Prog.)
Duration : 3 Hrs. Maximum Marks: 90

**Instructions for Candidates**

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।**

**ਭਾਗ ਪਹਿਲਾ**

1. ਕਿੱਸਾ ਕਾਵਿ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੇ ਸਰੂਪ ਅਤੇ ਤੱਤਾਂ ਬਾਰੇ ਜਾਣਕਾਰੀ ਦਿਓ। 15

ਜਾਂ

ਪੰਜਾਬੀ ਕਿੱਸਾ ਕਾਵਿ ਦੇ ਮੂਲ ਸਰੋਕਾਰਾਂ ਬਾਰੇ ਵਿਸਥਾਰ ਪੂਰਵਕ ਚਰਚਾ ਕਰੋ।

**ਭਾਗ ਦੂਜਾ**

2. ਪੀਲੂ ਦੇ ਜੀਵਨ ਅਤੇ ਰਚਨਾ ਬਾਰੇ ਵਿਸਥਾਰ ਪੂਰਵਕ ਨੋਟ ਲਿਖੋ। 15

ਜਾਂ

ਪੀਲੂ ਰਚਿਤ ਕਿੱਸਾ ਮਿਰਜ਼ਾ ਸਾਹਿਬਾਂ ਨੂੰ ਕਲਾਤਮਕ ਪੱਖ ਤੋਂ ਪਰਖੋ।

3. ਕਿੱਸਾ ਮਿਰਜ਼ਾ ਸਾਹਿਬਾਂ ਨੂੰ ਸਮਾਜਿਕ ਸੱਭਿਆਚਾਰਕ ਪੱਖ ਤੋਂ ਵਿਚਾਰੋ। 10

ਜਾਂ

ਹੇਠ ਦਿੱਤੀਆਂ ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

ਚੜ੍ਹਦੇ ਮਿਰਜ਼ੇ ਖ਼ਾਨ ਨੂੰ ਮਤੀਂ ਦੇਵੇ ਮਾਂ
ਬੁਰੇ ਸਿਆਲਾਂ ਦੇ ਮਾਮਲੇ, ਬੁਰੀ ਸਿਆਲਾਂ ਦੀ ਰਾਹ
ਬੁਰੀਆਂ ਸਿਆਲਾਂ ਦੀਆਂ ਔਰਤਾਂ, ਜਾਦੂ ਲੈਂਦੀਆਂ ਪਾ
ਕੱਢ ਕਲੇਜੇ ਖਾਂਦੀਆ, ਮੇਰੇ ਝਾਟੇ ਤੇਲ ਨ ਪਾ
ਰੰਨ ਦੀ ਖ਼ਾਤਰ ਚਲਿਆ, ਆਵੇ ਜਾਨ ਗਵਾਇ
ਆਖੇ ਮੇਰੇ ਲੱਗ ਜਾ, ਅੱਗ ਪੈਰ ਨਾ ਪਾਇ ॥

**ਭਾਗ ਤੀਜਾ**

4. ਵਾਰਸ ਸ਼ਾਹ ਦੇ ਜੀਵਨ ਅਤੇ ਰਚਨਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿਓ। 15

ਜਾਂ

ਵਾਰਿਸ ਸ਼ਾਹ ਰਚਿਤ ਕਿੱਸਾ ਹੀਰ ਦੇ ਵਿਸ਼ਾ ਪੱਖ ਬਾਰੇ ਚਰਚਾ ਕਰੋ।

5. ਵਾਰਸ ਸ਼ਾਹ ਦੇ ਕਿਸੇ ਹੀਰ ਵਿੱਚ ਇਸ਼ਕ ਦਾ ਸੰਕਲਪ ਕਿਸ ਰੂਪ ਵਿੱਚ ਪੇਸ਼ ਹੋਇਆ ਹੈ ਚਰਚਾ ਕਰੋ। 10

ਜਾਂ

ਹੇਠ ਦਿੱਤੀਆਂ ਸਤਰਾਂ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ।

ਅੱਵਲ ਹਮਦਾ ਖ਼ੁਦਾਇ ਦਾ ਵਿਰਦ ਕੀਚੈ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ
ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ
ਖਿਲੇ ਤਿਨਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ।।

## ਭਾਗ ਚੌਥਾ

**6.** ਕਾਦਰਯਾਰ ਦੇ ਜੀਵਨ ਅਤੇ ਰਚਨਾਵਾਂ ਬਾਰੇ ਨੋਟ ਲਿਖੋ। 15

ਜਾਂ

ਕਿੱਸਾ ਪੂਰਨ ਭਗਤ ਦਾ ਸਮਾਜਕ ਸਭਿਆਚਾਰਕ ਪੱਖ ਪੇਸ਼ ਕਰਦੇ ਹੋਏ ਆਪਣੇ ਵਿਚਾਰ ਪੇਸ਼ ਕਰੋ।

7. ਕਾਦਰਯਾਰ ਦੁਆਰਾ ਰਚਿਤ ਕਿੱਸਾ ਪੂਰਨ ਭਗਤ ਦਾ ਕਲਾਤਮਕ ਪੱਖ ਪੇਸ਼ ਕਰੋ। 10

ਜਾਂ

ਹੇਠ ਦਿੱਤੀਆਂ ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ

ਰਾਜਾ ਦੇਖ ਹੈਰਾਨ ਅਸਚਰਜ ਹੋਇਆ, ਮਹਿਲੀਂ ਜਗਿਆ ਨਾ ਸ਼ਮ੍ਹਾਦਾਨ ਕੋਈ ।
ਬੈਠ ਪੁੱਛਦਾ "ਰਾਣੀ ਦੱਸ ਮੈਨੂੰ, ਵਕਤ ਸੰਧਿਆ ਦੇ ਚੜ੍ਹ ਪਲੰਘ ਸੋਈ ।"
ਕਾਦਰਯਾਰ ਸਲਵਾਹਨ ਦੀ ਗੱਲ ਸੁਣ ਕੇ, ਰਾਣੀ ਉਠ ਕੇ ਧ੍ਰੋਹ ਦੇ ਨਾਲ ਰੋਈ।।